ਪੰਜਾਬ ਸਰਕਾਰ
ਸਿਹਤ ਤੇ ਪਰਿਵਾਰ ਭਲਾਈ ਵਿਭਾਗ
(ਸਿਹਤ-2 ਸਾਖਾ)

ਵੱਲ

ਡਾਇਰੈਕਟਰ,
ਸਿਹਤ ਤੇ ਪਰਿਵਾਰ ਭਲਾਈ,
ਪੰਜਾਬ, ਚੰਡੀਗੜ੍ਹ।

ਮੀਮੋ ਨੰ: 28/17/13-5ਸਿ2/ 849
ਮਿਤੀ, ਚੰਡੀਗੜ੍ਹ: 25/6/2013

ਵਿਸਾ:- ਸੈਸਨ 2013-16 ਦੌਰਾਨ ਪੀ.ਜੀ. ਕੋਰਸ ਕਰਨ ਲਈ ਪੰਜਾਬ ਦੇ ਸਰਕਾਰੀ ਮੈਡੀਕਲ ਕਾਲਜਾਂ ਵਿਖੇ 60% ਕੋਟੇ ਅਧੀਨ ਕਾਉਂਸਲਿੰਗ ਲਈ ਮੈਡੀਕਲ ਅਫਸਰਾਂ ਨੂੰ ਐਨ.ਓ.ਸੀ. ਜਾਰੀ ਕਰਨ ਬਾਰੇ।

***

ਉਪਰੋਕਤ ਵਿਸੇ ਤੇ ਆਪ ਦੇ ਪੱਤਰ ਨੰ: ਈ-4(2)-ਪੰਜਾਬ/13/5828, ਮਿਤੀ 20.6.2013 ਦੇ ਹਵਾਲੇ ਵਿੱਚ।

2 ਹੇਠ ਲਿਖੇ ਮੈਡੀਕਲ ਅਫਸਰ ਵਲੋਂ 60% ਕੋਟੇ ਅਧੀਨ ਸੈਸਨ 2013-16 ਦੌਰਾਨ ਪੀ.ਜੀ. ਕੋਰਸ ਕਰਨ ਲਈ ਇਤਰਾਜਹੀਣਤਾ ਸਰਟੀਫਿਕੇਟ ਲੈਣ ਸਬੰਧੀ ਪ੍ਰਤੀਬੇਨਤੀ ਪ੍ਰਾਪਤ ਹੋਈ ਹੈ:-

| ਲੜੀ ਨੰ: | ਡਾਕਟਰ ਦਾ ਨਾਮ / ਪੋਸਟਿੰਗ ਸਥਾਨ / ਸੇਵਾ ਨੰ: | ਸੇਵਾ ਸ਼ੁਰੂ ਕਰਨ ਦੀ ਮਿਤੀ ਆਰ.ਐਮ.ਓ./ ਪੀ.ਸੀ.ਐਮ.ਐਸ. ਮੈਡੀਕਲ ਅਫਸਰ | ਪਰਖ ਕਾਲ ਸਮਾਂ ਪਾਰ ਹੈ ਜਾਂ ਨਹੀਂ | ਬਤੌਰ ਆਰ.ਐਮ.ਓ. ਅਤੇ ਬਤੌਰ ਐਮ.ਓ. ਰੂਰਲ ਸੇਵਾ ਪੂਰੀ ਹੈ ਜਾਂ ਨਹੀਂ |
|---|---|---|---|---|
| 1 | ਡਾ: ਤ੍ਰਿਪਤਜੋਤ ਸਿੰਘ, ਮਿਨੀ ਪੀਐਚਸੀ ਭਗੜਾਣਾ, ਫਤਹਿਗੜ੍ਹ ਸਾਹਿਬ, 17/ਜ/09 | ਆਰਐਮਓ 1-6-06 ਤੋਂ 10-11-09 ਤੱਕ, ਬਤੌਰ ਐਮਓ 12-11-09 ਤੋਂ ਹੁਣ ਤੱਕ | ਪਰਖ ਕਾਲ ਸਮੇ ਵਿਚ ਵਾਧਾ ਕੀਤਾ ਹੋਇਆ ਹੈ | ਸੀ ਸ੍ਰੇਣੀ ਦੀ ਸੇਵਾ 6 ਸਾਲ ਤੋ ਵੱਧ ਹੈ |
| 2 | ਡਾ: ਸਤਨਾਮ ਸਿੰਘ, ਮਿਨੀ ਪੀਐਚਸੀ ਰਾਜੇਆਣਾ, ਮੋਗਾ, 23/ਐਸਸੀ/ਅ/09 | ਆਰਐਮਓ 1-7-06 ਤੋਂ 21-11-09 ਤੱਕ, ਬਤੌਰ ਐਮਓ 1-12-09 ਤੋਂ ਹੁਣ ਤੱਕ | -ਉਹੀ- | ਕੰਬੀਨੇਸਨ ਸੇਵਾ 6 ਸਾਲ ਤੋ ਵੱਧ ਹੈ |
| 3 | ਡਾ: ਰੁਪਿੰਦਰ ਸਿੱਧੂ, ਪੀਐਚਸੀ ਬਰਗਾੜੀ, ਫਰੀਦਕੋਟ, 74/ਜੀਸੀ/09 | ਆਰਐਮਓ 1-6-06 ਤੋਂ 25-9-09, ਬਤੌਰ ਐਮਓ 25-9-09 ਤੋਂ ਹੁਣ ਤੱਕ | -ਉਹੀ- | ਕੰਬੀਨੇਸਨ ਸੇਵਾ 6 ਸਾਲ ਤੋ ਵੱਧ ਹੈ |
| 4 | ਡਾ: ਅਮਨਦੀਪ ਕੌਰ, ਆਰਐਚ ਕੁਪਕਲਾਂ, ਸੰਗਰੂਰ, 8/ਐਸਸੀ/08 | ਆਰਐਮਓ 1-6-06 ਤੋਂ 26-7-09, ਬਤੌਰ ਐਮਓ 27-7-09 ਤੋ ਹੁਣ ਤੱਕ | -ਉਹੀ- | ਸੀ ਸ੍ਰੇਣੀ ਦੀ ਸੇਵਾ 6 ਸਾਲ ਤੋ ਵੱਧ ਹੈ |
| 5 | ਡਾ: ਪ੍ਰਗਟ ਸਿੰਘ, ਮਿਨੀ ਪੀਐਚਸੀ ਬਲਵਾਨ, ਸੰਗਰੂਰ, 27/ਐਸਸੀ/ਅ/09 | ਆਰਐਮਓ 24-4-06 ਤੋਂ 4-12-09, ਬਤੌਰ ਐਮਓ 8-12-09 ਤੋ ਹੁਣ ਤੱਕ | -ਉਹੀ- | ਸੀ ਸ੍ਰੇਣੀ ਦੀ ਸੇਵਾ 6 ਸਾਲ ਤੋ ਵੱਧ ਹੈ |
| 6 | ਡਾ: ਰਿੰਕੂ ਬਾਲਾ, ਪੀਐਚਸੀ ਹਸਤੇਕਲਾਂ, ਫਾਜਿਲਕਾ, 18/ਜੀਸੀ/09 | ਆਰਐਮਓ 1-6-06 ਤੋਂ 31-10-09, ਬਤੌਰ ਐਮਓ 3-11-09 ਤੋ ਹੁਣ ਤੱਕ | -ਉਹੀ- | ਡੀ ਸ੍ਰੇਣੀ ਦੀ ਸੇਵਾ 4 ਸਾਲ ਤੋ ਵੱਧ ਹੈ |

| | | | | |
|---|---|---|---|---|
| 7 | ਡਾ: ਜਗਰੂਪ ਸਿੰਘ, ਪੀਐਚਸੀ ਚੱਕਅੱਤਰ ਸਿੰਘ ਵਾਲਾ, ਬਠਿੰਡਾ, 16/ਬੀਸੀ/09 | ਆਰਐਮਓ 1-6-06 ਤੋਂ 31-7-09, ਬਤੌਰ ਐਮਓ 3-11-09 ਹੁਣ ਤੱਕ | -ਉਹੀ- | ਸੀ ਸ੍ਰੇਣੀ ਦੀ ਸੇਵਾ 6 ਸਾਲ ਤੋਂ ਵੱਧ ਹੈ |
| 8 | ਡਾ: ਅਰੁਣ ਬਾਂਸਲ, ਐਸਡੀਐਚ ਘੁੱਦਾ, ਬਠਿੰਡਾ, 63/ਜ/09 | ਆਰਐਮਓ 1-6-06 ਤੋਂ 31-10-09, ਬਤੌਰ ਐਮਓ 3-11-09 ਤੋਂ ਹੁਣ ਤੱਕ | -ਉਹੀ- | ਕੰਬੀਨੇਸਨ ਸੇਵਾ 6 ਸਾਲ ਤੋਂ ਵੱਧ ਹੈ |
| 9 | ਡਾ: ਰਵੀ ਕਾਂਤ, ਈਐਸਆਈ ਡਿਸਪੈਂਸਰੀ ਨੰ:1, ਬਠਿੰਡਾ, 7/ਜ/08 | ਆਰਐਮਓ 1-6-06 ਤੋਂ 22-7-09, ਬਤੌਰ ਐਮਓ 27-4-09 ਤੋਂ ਹੁਣ ਤੱਕ | -ਉਹੀ- | ਸੀ ਸ੍ਰੇਣੀ ਦੀ ਸੇਵਾ 6 ਸਾਲ ਤੋਂ ਵੱਧ ਹੈ |
| 10 | ਡਾ: ਨਵੀਨ ਸੇਠੀ, ਪੀਐਚਸੀ ਨੂਰਪੁਰ ਸੇਠਾ, ਫਾਜਿਲਕਾ, 44/ਜ/09 | ਆਰਐਮਓ 1-6-06 ਤੋਂ 31-10-09, ਬਤੌਰ ਐਮਓ 3-11-09 ਤੋਂ ਹੁਣ ਤੱਕ | -ਉਹੀ- | ਡੀ ਸ੍ਰੇਣੀ ਦੀ ਸੇਵਾ 4 ਸਾਲ ਤੋਂ ਵੱਧ ਹੈ |
| 11 | ਡਾ: ਰਾਜਿੰਦਰ ਪਾਲ ਸਿੰਘ, ਸਬ ਡਵੀਜਨਲ ਹਸਪਤਾਲ, ਬੁੱਢਲਾਡਾ, ਮਾਨਸਾ, 18/ਐਸਸੀ/ਅ/09 | ਆਰਐਮਓ 13-10-06 ਤੋਂ 31-10-09, ਬਤੌਰ ਐਮਓ 4-11-09 ਤੋ ਹੁਣ ਤੱਕ | -ਉਹੀ- | ਕੰਬੀਨੇਸਨ ਸੇਵਾ 6 ਸਾਲ ਤੋਂ ਵੱਧ ਹੈ |
| 12 | ਡਾ: ਇੰਦਰਜੀਤ ਕੌਰ, ਮਿੰਨੀ ਪੀਐਚਸੀ ਬੁੱਲੋਵਾਲ, ਹੁਸਿਆਰਪੁਰ, 21/ਐਸਸੀ/09 | ਆਰਐਮਓ 1-6-06 ਤੋਂ 29-10-09, ਬਤੌਰ ਐਮਓ 30-10-09 ਤੋਂ ਹੁਣ ਤੱਕ | -ਉਹੀ- | ਸੀ ਸ੍ਰੇਣੀ ਦੀ ਸੇਵਾ 6 ਸਾਲ ਤੋਂ ਵੱਧ ਹੈ |
| 13 | ਡਾ: ਰਵਿੰਦਰ ਸਿੰਘ, ਰੂਰਲ ਹਸਪਤਾਲ ਸ੍ਰੀ ਹਰਗੋਬਿੰਦਪੁਰ, ਗੁਰਦਾਸਪੁਰ, 12/ਬੀਸੀ/08 | ਆਰਐਮਓ 3-8-06 ਤੋਂ 2-8-09, ਬਤੌਰ ਐਮਓ 3-8-09 ਤੋ ਹੁਣ ਤੱਕ | -ਉਹੀ- | ਕੰਬੀਨੇਸਨ ਸੇਵਾ 6 ਸਾਲ ਤੋਂ ਵੱਧ ਹੈ |

3 ਪੀ.ਜੀ. ਕੋਰਸ ਕਰਨ ਲਈ ਐਨ.ਓ.ਸੀ. ਸਰਕਾਰ ਦੀ ਜਾਰੀ ਪਾਲਿਸੀ ਹਦਾਇਤਾਂ ਨੰ: 26/12/94-5ਸਿ2/126-28 ਮਿਤੀ 8-1-2010 ਵਿਚ ਦਰਜ ਕੀਤੀਆਂ ਸਰਤਾਂ ਅਤੇ ਇਨਾਂ ਹਦਾਇਤਾਂ ਦੇ ਪੈਰਾ 2.2 ਵਿਚ ਪੱਤਰ ਨੰ: 26/12/94-5ਸਿ2/4457 ਮਿਤੀ 17-7-2012 ਰਾਹੀ ਕੀਤੀ ਗਈ ਅੰਸਿਕ ਸੋਧ ਅਤੇ ਪੱਤਰ ਨੰ:26/12/94-5ਸਿ2/434 ਮਿਤੀ 22-5-2013 ਅਨੁਸਾਰ 60% ਕੋਟੇ ਅਧੀਨ ਦਾਖਲੇ ਲਈ ਹੇਠ ਲਿਖਿਆਂ ਸਰਤਾਂ ਅਨੁਸਾਰ ਐਨ.ਓ.ਸੀ. ਜਾਰੀ ਕੀਤਾ ਜਾਂਦਾ ਹੈ:-

1. ਪੰਜਾਬ ਸਰਕਾਰ ਦੇ ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ ਦੇ ਸਰਕਾਰੀ ਮੈਡੀਕਲ ਕਾਲਜਾਂ ਵਿਚ ਪੋਸਟ ਗਰੈਜੂਏਸਨ (ਡਿਪਲੋਮਾ/ ਡਿਗਰੀ ਕੋਰਸ) ਲਈ 60% ਸੀਟਾਂ ਰਾਖਵੀਆਂ ਰੱਖੀਆਂ ਹੋਈਆਂ ਹਨ। ਪੀ.ਸੀ.ਐਮ.ਐਸ. ਡਾਕਟਰਾਂ ਨੂੰ ਦਾਖਲੇ ਲਈ ਇਤਰਾਜਹੀਣਤਾ ਸਰਟੀਫਿਕੇਟ ਲੈਣ ਲਈ ਹੇਠ ਲਿਖਿਆਂ ਸਰਤਾਂ ਲਾਗੂ ਹੋਣਗੀਆਂ।
2. ਰੈਗੂਲਰ ਪੀ.ਸੀ.ਐਮ.ਐਸ. ਡਾਕਟਰ ਜਿਨ੍ਹਾਂ ਦੀ ਮੁਸਕਲ ਰੂਰਲ ਏਰੀਏ ਵਿਚ ਕੀਤੀ ਹੋਈ ਸੇਵਾ ਘੱਟੋ-ਘੱਟ 4 ਸਾਲ ਦੀ ਹੋਵੇ ਜਾਂ ਅਦਰ ਰੂਰਲ ਏਰੀਏ ਵਿਚ ਕੀਤੀ ਹੋਈ ਸੇਵਾ ਘੱਟੋ ਘੱਟ 6 ਸਾਲ ਦੀ ਹੋਵੇ, ਪਰਖਕਾਲ ਸਮਾਂ ਪੂਰਾ ਕੀਤਾ ਹੋਵੇ, ਸਰਵਿਸ ਰਿਕਾਰਡ ਠੀਕ ਹੋਵੇ ਅਤੇ ਕੋਈ ਵਿਜੀਲੈਂਸ/ਵਿਭਾਗੀ ਅਤੇ ਅਨੁਸਾਸਨਿਕ ਕਾਰਵਾਈ ਲੰਬਿਤ ਨਾ ਹੋਵੇ, 60% ਕੋਟੇ ਲਈ ਯੋਗ ਹੋਣਗੇ।
3. ਡਾਕਟਰ ਪੋਸਟ ਗਰੈਜੂਏਸਨ (ਡਿਪਲੋਮਾ/ਡਿਗਰੀ ਕੋਰਸ) ਲਈ ਤਾਂ ਹੀ ਸਿਹਤ ਵਿਭਾਗ ਵਲੋਂ ਭੇਜੇ ਜਾਣਗੇ ਜੇਕਰ ਉਨ੍ਹਾਂ ਦੀ ਸਰਵਿਸ ਪੋਸਟ ਗਰੈਜੂਏਸਨ (ਡਿਪਲੋਮਾ) ਕੰਪਲੀਟ ਕਰਨ ਤੋਂ ਬਾਅਦ 6 ਸਾਲ ਅਤੇ ਪੋਸਟ ਗਰੈਜੂਏਸਨ (ਡਿਗਰੀ) ਕੋਸ ਕਰਨ ਤੋਂ ਬਆਦ 10 ਸਾਲ ਦੀ ਰਹਿੰਦੀ ਹੋਵੇ। ਜਿਨ੍ਹਾਂ ਡਾਕਟਰਾਂ ਦੀ ਸਰਵਿਸ 6 ਜਾਂ 10 ਸਾਲ ਤੋਂ ਘੱਟ ਰਹਿੰਦੀ ਹੋਵੇਗੀ, ਉਹ 60% ਕੋਟੇ ਦੀ

ਸੀਟ ਵਾਸਤੇ ਪੋਸਟ ਗਰੈਜੂਏਸਨ ਏਟਰੈਸ ਟੈਸਟ (ਪੀ.ਜੀ.ਈ.ਟੀ.) ਵਿਚ ਭਾਗ ਲੈਣ ਲਈ ਯੋਗ ਨਹੀ ਹੋਣਗੇ।

4. ਪੀ.ਸੀ.ਐਮ.ਐਸ. ਡਾਕਟਰ ਆਪਣੇ ਕੋਰਸ ਸਮੇਂ ਦੌਰਾਨ ਸਰਕਾਰੀ ਮੈਡੀਕਲ ਕਾਲਜ ਵਿਚ ਡੈਪੂਟੇਸਨ ਤੇ ਸਮਝੇ ਜਾਣਗੇ ਪਰੰਤੂ ਉਨ੍ਹਾਂ ਨੂੰ ਡੈਪੂਏਸਨ ਭੱਤਾ ਨਹੀ ਦਿੱਤਾ ਜਾਵੇਗਾ। ਕੋਰਸ ਦਾ ਮਿਥਿਆ ਸਮਾਂ ਪੂਰਾ ਹੋਣ ਤੇ ਡਾਕਟਰ ਪੀ.ਸੀ.ਐਮ.ਐਸ. ਕਾਡਰ ਵਿਚ ਰਿਪੋਰਟ ਕਰਨਗੇ। ਜੇਕਰ ਕੋਈ ਡਾਕਟਰ ਕਿਸੇ ਸਮੇਂ ਵਿਚ ਆਪਣਾ ਕੋਰਸ ਪੂਰਾ ਨਹੀ ਕਰਦਾ ਤਾਂ ਵੀ ਡਾਕਟਰ ਵਾਪਸ ਸਿਹਤ ਵਿਭਾਗ ਵਿਚ ਰਿਵਰਟ ਹੋ ਕੇ ਪ੍ਰੀਖਿਆ ਦੇਣ ਲਈ ਬਾਕੀ ਸਮੇਂ ਦੀ ਬਣਦੀ ਛੁੱਟੀ ਲੈ ਕੇ ਕੋਰਸ ਪੂਰਾ ਕਰ ਸਕੇਗਾ।

5. ਇਨ੍ਹਾਂ ਡਾਕਟਰਾਂ ਨੂੰ ਪੋਸਟ ਗਰੈਜੂਏਸਨ (ਡਿਪਲੋਮਾ/ਡਿਗਰੀ ਕੋਰਸ) ਕਰਨ ਲਈ ਚੁਣਨ ਤੇ ਉਨ੍ਹਾਂ ਨੂੰ ਕੋਰਸ ਕਰਨ ਤੋਂ ਬਾਅਦ ਸਰਕਾਰੀ ਸੇਵਾ ਕਰਨ ਲਈ ਹੇਠ ਲਿਖੇ ਅਨੁਸਾਰ ਬਾਂਡ ਭਰਨਾ ਪਵੇਗਾ:-

| | ਕੋਰਸ ਦਾ ਨਾਂ | ਬਾਂਡ ਮਨੀ | ਸਮਾਂ |
|---|---|---|---|
| (1) | ਪੀ.ਜੀ. ਡਿਪਲੋਮਾ ਕੋਰਸ | 12 ਲੱਖ ਰੁਪਏ | 6 ਸਾਲ |
| (2) | ਪੀ.ਜੀ. ਡਿਗਰੀ ਕੋਰਸ ਲਈ | 20 ਲੱਖ ਰੁਪਏ | 10 ਸਾਲ |

ਜੇਕਰ ਡਾਕਟਰ ਬਾਂਡ ਦੇ ਪੂਰੇ ਸਮੇਂ ਲਈ ਸਰਕਾਰ ਦੀ ਸੇਵਾ ਨਹੀ ਕਰਦਾ ਤਾਂ ਉਸ ਨੂੰ ਅਜਿਹਾ ਨਾ ਕਰਨ ਦੀ ਸੂਰਤ ਵਿਚ ਉਕਤ ਦੱਸੀਆਂ ਰਕਮਾਂ, ਜਿਵੇਂ ਕਿ ਕੇਸ ਹੋਵੇ ਸਰਕਾਰ ਨੂੰ ਦੇਣੀ/ਜਮ੍ਹਾ ਕਰਵਾਉਣੀ ਪਵੇਗੀ।

6. ਪੀ.ਸੀ.ਐਮ.ਐਸ. ਡਾਕਟਰ ਆਪਣੀ ਸਰਵਿਸ ਦੌਰਾਨ ਇਕ ਵਾਰ ਹੀ 60% ਕੋਟੇ ਵਿਰੁੱਧ ਪੋਸਟ ਗਰੈਜੂਏਸਨ (ਡਿਪਲੋਮਾ/ਡਿਗਰੀ ਕੋਰਸ) ਕਰ ਸਕਦੇ ਹਨ।

7. ਜੇਕਰ ਕੋਈ ਡਾਕਟਰ ਪੋਸਟ ਗਰੈਜੂਏਸਨ (ਡਿਪਲੋਮਾ/ਡਿਗਰੀ ਕੋਰਸ) ਕਿਸੇ ਕਾਰਨ ਵਿਚਕਾਰ ਛੱਡ ਕੇ ਚਲਿਆ ਜਾਂਦਾ ਹੈ ਤਾਂ ਉਸ ਨੂੰ 5 ਸਾਲ ਲਈ ਡੀਬਾਰ ਕੀਤਾ ਜਾਵੇਗਾ ਅਤੇ ਉਸ ਦੁਆਰਾ ਕੋਰਸ ਲਈ ਲਾਇਆ ਸਮਾਂ ਬਿਨ੍ਹਾਂ ਤਨਖਾਹ ਛੁੱਟੀ ਤਸਵਰ ਕੀਤਾ ਜਾਵੇਗਾ। ਇਸ ਤੋਂ ਇਲਾਵਾ ਉਨ੍ਹਾਂ ਵਲੋਂ ਬਾਂਡ ਦੀ ਰਕਮ ਵੀ ਵਸੂਲ ਕੀਤੀ ਜਾਵੇਗੀ। (ਇਹ ਸ਼ਰਤ ਅਸਾਧਾਰਨ ਮੈਡੀਕਲ ਗਰਾਊਂਡ ਦੇ ਕੇਸ ਵਿਚ ਲਾਗੂ ਨਹੀ ਹੋਵੇਗੀ। ਇਸ ਤਰ੍ਹਾਂ ਦੀ ਅਸਾਧਾਰਨ ਮੈਡੀਕਲ ਗਰਾਊਂਡ ਦਾ ਸਰਟੀਫਿਕੇਟ ਰਾਜ ਮੈਡੀਕਲ ਬੋਰਡ ਪਾਸੋਂ ਹੋਣਾ ਜਰੂਰੀ ਹੋਵੇਗਾ)।

8. ਡਾਕਟਰ ਨੂੰ ਪੋਸਟ ਗਰੈਜੂਏਸਨ (ਡਿਪਲੋਮਾ/ਡਿਗਰੀ ਕੋਰਸ) ਦੌਰਾਨ ਸਪੈਸਲਿਟੀ ਜਾਂ ਮੈਡੀਕਲ ਕਾਲਜ ਬਦਲਣ ਦਾ ਅਧਿਕਾਰ ਨਹੀ ਹੋਵੇਗਾ।

9. ਉਪਰੋਕਤ ਹਦਾਇਤਾਂ ਵਿਚ ਰੂਰਲ ਸੇਵਾ ਅਤੇ ਕੋਰਸ ਪੂਰਾ ਹੋਣ ਉਪਰੰਤ ਬਾਂਡ ਲਈ ਬਚਦੀ ਸੇਵਾ ਬਾਰੇ ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਪੰਜਾਬ ਵਲੋਂ ਇਤਰਾਜ ਹੀਣਤਾ ਸਰਟੀਫਿਕੇਟ ਹਾਸਲ ਕਰਨ ਤੋਂ ਬਾਅਦ ਹੀ ਉਮੀਦਵਾਰ ਪੋਸਟ-ਗਰੈਜੂਏਸਨ ਇੰਟਰੈਸ ਐਸਟ (ਪੀ.ਜੀ.ਈ.ਟੀ.) ਜੋ ਕਿ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ ਵਲੋਂ ਕੰਡਕਟ ਕੀਤਾ ਂਦਾ ਹੈ ਵਿਚ ਬੈਠਣ ਲਈ ਯੋਗ ਹੋਣਗੇ। ਇਸ ਸਰਟੀਫਿਕੇਟ ਤੋਂ ਬਿਨ੍ਹਾਂ ਪੀ.ਸੀ.ਐਮ.ਐਸ. ਡਾਕਟਰਾਂ ਨੂੰ 60% ਕੋਟੇ ਦੇ ਵਿਰੁੱਧ ਪੀ.ਜੀ.ਈ.ਟੀ. ਵਿਚ ਭਾਗ ਲੈਣ ਲਈ ਯੋਗ ਨਹੀ ਹੋਣਗੇ।

10. ਡਾਕਟਰ ਨੂੰ ਪੀ.ਜੀ. ਕੋਰਸ ਵਿਚ ਦਾਖਲਾ ਪੰਜਾਬ ਸਰਕਾਰ ਦੇ ਸਿਹਤ ਵਿਭਾਗ ਵਲੋਂ ਇਤਰਾਜ-ਹੀਣਤਾ ਸਰਟੀਫਿਕੇਟ ਲੈਣ ਤੋਂ ਬਾਅਦ ਹੀ ਲੈ ਸਕਦੇ ਹਨ। ਸਰਕਾਰ ਇਤਰਾਜ-ਹੀਣਤਾ ਸਰਟੀਫਿਕੇਟ ਤਦੋਂ ਹੀ ਦੇਵੇਗੀ ਜੇਕਰ ਡਾਕਟਰ ਉਪਰ ਲਿਖੀਆਂ ਸਾਰੀਆਂ ਸਰਤਾਂ ਪੂਰੀਆਂ ਕਰਦੇ ਹੋਣ ਅਤੇ ਮੁਕੰਮਲ ਬਾਂਡ (ਉਪਰੋਕਤ ਰਾਸੀ ਅਤੇ ਸਮੇਂ ਦਾ ) ਉਨ੍ਹਾਂ ਵਲੋਂ ਭਰਿਆ ਹੋਵੇ।

4. ਇਹ ਐਨ.ਓ.ਸੀ. ਸਿਵਲ ਰਿਟ ਪਟੀਸਨ ਨੰ: 11574 ਆਫ 2013- ਡਾ: ਤ੍ਰਿਪਤਜੀਤ ਸਿੰਘ ਅਤੇ ਹੋਰ ਬਨਾਮ ਪੰਜਾਬ ਸਰਕਾਰ ਵਿਚ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਲੋਂ ਕੀਤੇ ਗਏ ਅੰਤ੍ਰਿਮ ਹੁਕਮ ਮਿਤੀ 24-5-2013 ਅਤੇ ਹੋਰ ਰਿਟ ਪਟੀਸਨਾਂ ਤੇ ਅਧਾਰਿਤ ਹਨ। ਇਸ ਲਈ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਲੋਂ ਕੀਤੇ ਜਾਣ ਵਾਲੇ ਫੈਸਲੇ ਇਨ੍ਹਾਂ ਤੇ ਲਾਗੂ ਹੋਣਗੇ।

5. ਜੇਕਰ ਇਸ ਡਾਕਟਰ ਵਿਰੁੱਧ ਬਾਅਦ ਵਿਚ ਕੋਈ ਪ੍ਰਤੀਕੂਲ ਤੱਥ ਰੋਸਨੀ ਵਿਚ ਆਉਂਦਾ ਹੈ ਤਾਂ ਇਸ ਐਨ.ਓ.ਸੀ. ਨੂੰ ਰੱਦ ਕਰਨ ਦਾ ਅਧਿਕਾਰ ਸਰਕਾਰ ਪਾਸ ਰਾਖਵਾਂ ਰਹੇਗਾ।

6. ਇਹ ਹੁਕਮ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਜਾਂਦਾ ਹੈ।

ਸੁਪਰਡੰਟ

ਪਿ:ਅੰ:ਨੰ: 26/17/13-5ਸਿ2/ 850-854 ਮਿਤੀ, ਚੰਡੀਗੜ੍ਹ: 25/6/2013

ਇਸ ਦਾ ਇੱਕ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1 ਸਕੱਤਰ, ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ, ਪੰਜਾਬ, ਚੰਡੀਗੜ੍ਹ।

2 ਡਾਇਰੈਕਟਰ, ਖੋਜ ਅਤੇ ਮੈਡੀਕਲ ਸਿਖਿਆ, ਪੰਜਾਬ, ਚੰਡੀਗੜ੍ਹ। (ਡਾਕਟਰਾਂ ਦੀ ਪ੍ਰਤੀ ਬੇਨਤੀਆਂ ਨਾਲ ਨੱਥੀ ਕੀਤੀਆਂ ਜਾਂਦੀਆਂ ਹਨ।)

3 ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ ਅਤੇ ਪਟਿਆਲਾ।

4 ਸੁਪਰਡੰਟ, ਸਿਹਤ-1 ਸਾਖਾ।

5 ਸਬੰਧਿਤ ਡਾਕਟਰਜ।

ਸੁਪਰਡੰਟ